a2zpapers.com

Roll No. ..................

Total No. of Questions : 9]

**002/C**

[Total No. of Printed Pages : 4

**SS**

**2320**

**ਸਲਾਨਾ ਪਰੀਖਿਆ ਪ੍ਰਨਾਲੀ**

# GENERAL PUNJABI

**(Common for All Groups and Vocational Stream)**

**(Evening Session)**

Time allowed : Three hours

Maximum marks : 65

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **002/C** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ, ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

1. ਵਸਤੂਨਿਸ਼ਠ ਪ੍ਰਸ਼ਨ :

ਸਾਰੇ ਪ੍ਰਸ਼ਨ ਜ਼ਰੂਰੀ ਹਨ । ਹਰੇਕ ਪ੍ਰਸ਼ਨ 1 ਅੰਕ ਦਾ ਹੈ ।

(ੳ) 'ਤਾਜ ਮਹਲ' ਕਵਿਤਾ ਦਾ ਕਵੀ ਕੌਣ ਹੈ ? 1

(ਅ) 'ਨੀਲੀ' ਕਹਾਣੀ ਵਿਚ 'ਮੈਂ-ਪਾਤਰ' ਕੌਣ ਹੈ ? 1

(ੲ) ਹੇਠ ਲਿਖੀ ਅਧੂਰੀ ਅਖਾਉਤ ਨੂੰ ਪੂਰਾ ਕਰੋ :

................ ਘੁੰਮਰ-ਘੁੰਮਰ ਫਿਰੇ ਮਧਾਣੀ 1

(ਸ) ਹੇਠ ਲਿਖੀ ਅਧੂਰੀ ਅਖਾਉਤ ਨੂੰ ਪੂਰਾ ਕਰੋ :

ਤੂੰ ਮੇਰਾ ਮੁੰਡਾ ਖਿਡਾ, ................ । 1

(ਹ) ਡਾ. ਐੱਸ. ਐੱਸ ਵਣਜਾਰਾ ਬੇਦੀ ਦਾ ਲਿਖਿਆ ਕਿਹੜਾ ਲੇਖ 'ਲਾਜ਼ਮੀ ਪੰਜਾਬੀ-12' ਪਾਠ-ਪੁਸਤਕ ਵਿੱਚ ਸ਼ਾਮਲ ਹੈ ? 1

(ਕ) ਹਿਮਾਚਲ ਅਤੇ ਹਰਿਆਣਾ ਰਾਜ 1 ਨਵੰਬਰ, 1969 ਨੂੰ ਹੋਂਦ ਵਿੱਚ ਆਏ। (ਠੀਕ/ਗਲਤ) 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ਖ) ਮੁਢਲਾ ਮਨੁੱਖ ਸਾਰੇ ਸੰਸਕਾਰਾਂ ਦਾ ਅਰੰਭ ਕਰਨ ਸਮੇਂ ਦੈਵੀ ਤਾਕਤਾਂ ਨੂੰ ਕਿਉਂ ਰਿਝਾਉਂਦਾ ਸੀ ?

(i) ਭੈਅ ਕਾਰਨ (ii) ਪਿਆਰ ਕਾਰਨ

(iii) ਮੋਹ ਕਾਰਨ (iv) ਲਾਲਚ ਕਾਰਨ 1

(ਗ) ਖ਼ਾਲੀ ਥਾਂ ਭਰੋ :

ਲੋਕ-ਕਿੱਤੇ ਵਿੱਚ ਉਸ ਨੂੰ ................ ਮੰਨਿਆ ਜਾਂਦਾ ਹੈ, ਜੋ ਆਪਣੇ ਕੰਮ ਵਿੱਚ ਨਿਪੁੰਨ ਅਤੇ ਕਾਰੀਗਰ ਹੋਵੇ । 1

(ਘ) ਪੰਜਾਬੀ ਜੁਆਨਾਂ ਦੀ ਮਨਪਸੰਦ ਖੇਡ ਕਿਹੜੀ ਹੈ ? 1

(ਙ) ਨਵੀਂ ਪੀੜ੍ਹੀ ਕਿਹੜੇ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕਰ ਰਹੀ ਹੈ ? 1

10×1=10

2. ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ :

(ੳ) ਪੰਜਾਬ ਵਿੱਚ ਬਦਲਦੀਆਂ ਪਰਿਸਥਿਤੀਆਂ ਅਨੁਸਾਰ ਲੋਕ-ਨਾਚਾਂ ਵਿੱਚ ਆਏ ਬਦਲਾਅ ਬਾਰੇ ਜਾਣਕਾਰੀ ਦਿਓ । 4

(ਅ) ਪੰਜਾਬੀ ਨਕਲਾਂ ਤੋਂ ਕੀ ਭਾਵ ਹੈ ? 4

(ੲ) ਸਾਨੂੰ ਨਵੀਆਂ ਪਰਿਸਥਿਤੀਆਂ ਅਨੁਸਾਰ ਨਵੇਂ ਸੱਭਿਆਚਾਰਿਕ ਮਾਪ-ਦੰਡ ਸਿਰਜਣ ਦੀ ਕਿਉਂ ਲੋੜ ਹੈ ? 4

(ਸ) ਪੰਜਾਬੀ ਸੱਭਿਆਚਾਰ ਦੇ ਮੁੱਖ ਲੱਛਣ ਕੀ ਹਨ ? 4

(ਹ) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ? ਦੇਵੀ ਮਾਤਾ ਨਾਲ਼ ਸੰਬੰਧਿਤ ਕਿਸੇ ਇੱਕ ਮੇਲੇ ਬਾਰੇ ਸੰਖੇਪ ਜਾਣਕਾਰੀ ਦਿਓ । 4

(ਕ) ਪੰਜਾਬ ਵਿੱਚ ਜੀਵ ਦੇ ਜਨਮ ਨਾਲ਼ ਸੰਬੰਧਿਤ ਕਿਹੜੇ-ਕਿਹੜੇ ਰਸਮ-ਰਿਵਾਜ ਹਨ ? 4

(ਖ) ਲੋਕ-ਖੇਡਾਂ ਮਨੁੱਖ ਨੂੰ ਕਿਹੜੀਆਂ-ਕਿਹੜੀਆਂ ਭਾਵਨਾਵਾਂ ਪ੍ਰਦਾਨ ਕਰਦੀਆਂ ਹਨ ? 4

(ਗ) ਲੋਕ-ਕਿੱਤੇ ਦੀ ਵਿਸ਼ੇਸ਼ਤਾ ਉਦਾਹਰਨਾਂ ਸਹਿਤ ਦੱਸੋ । 4

5×4=20

3. ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ । 2+3+1=6

ਜਾਂ

ਤੁਹਾਡੇ ਸਕੂਲ ਵਿੱਚ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਯੂਨੀਫ਼ਾਰਮ ਖ਼ਰੀਦਣ ਲਈ ਗ੍ਰਾਂਟ ਆਈ ਹੈ। ਵੇਰਵੇ ਦੱਸਦੇ ਹੋਏ ਕਿਸੇ ਫ਼ਰਮ ਤੋਂ ਕੁਟੇਸ਼ਨ ਦੀ ਮੰਗ ਕਰੋ । 2+3+1=6



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



4. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁੱਕਵਾਂ ਸਿਰਲੇਖ ਵੀ ਲਿਖੋ :

ਸਰੀਰ ਮਨ ਦਾ ਘੋੜਾ ਹੈ । ਜਿਸ ਤਰ੍ਹਾਂ ਮਨ ਇਸ ਨੂੰ ਚਲਾਉਂਦਾ ਹੈ ਉਸੇ ਤਰ੍ਹਾਂ ਚੱਲਦਾ ਹੈ ਪਰ ਜੀਵਨ ਦੀ ਖੇਡ ਖੇਡਣ ਲਈ ਅਤੇ ਜ਼ਿੰਦਗੀ ਦੀ ਵਾਟ ਕੱਟਣ ਲਈ ਘੋੜੇ ਨੂੰ ਵੀ ਰਿਸ਼ਟ-ਪੁਸ਼ਟ ਰੱਖਣਾ ਜ਼ਰੂਰੀ ਹੈ । ਜੇ ਘੋੜਾ ਮਰੀਅਲ ਹੋ ਜਾਏ ਤਾਂ ਮਨ ਅਤੇ ਆਤਮਾ ਦੀ ਖੇਡ ਵੀ ਢਿੱਲੀ ਪੈ ਜਾਂਦੀ ਹੈ । ਇਸ ਸਰੀਰ-ਘੋੜੇ ਨੂੰ ਰਿਸ਼ਟ-ਪੁਸ਼ਟ ਰੱਖਣ ਲਈ ਇਸ ਦੀ ਚੰਗੀ ਦੇਖ-ਭਾਲ਼ ਜ਼ਰੂਰੀ ਹੈ । ਸਾਡਾ ਸਰੀਰ ਅਰਬਾਂ-ਖ਼ਰਬਾਂ ਜੀਵਾਣੂਆਂ ਅਥਵਾ ਜਿਉਂਦੇ ਸੈੱਲਾਂ ਦਾ ਬਣਿਆ ਹੋਇਆ ਹੈ । ਇਹਨਾਂ ਵਿੱਚੋਂ ਲੱਖਾਂ-ਕਰੋੜਾਂ ਹਰ ਰੋਜ਼ ਮਰਦੇ ਅਤੇ ਉਹਨਾਂ ਦੀ ਥਾਂ ਲੈਣ ਲਈ ਲੱਖਾਂ-ਕਰੋੜਾਂ ਹਰ ਰੋਜ਼ ਜੰਮਦੇ ਹਨ । ਨਿਰੋਏ ਜੀਵਾਣੂ ਬਣਾਉਣ ਲਈ ਖ਼ੂਨ ਦਾ ਨਿਰੋਆ ਹੋਣਾ ਲਾਜ਼ਮੀ ਹੈ । ਖ਼ੂਨ ਬਣਦਾ ਹੈ ਖ਼ੁਰਾਕ ਤੋਂ, ਜਲ ਤੋਂ, ਵਾਯੂ ਤੋਂ । ਨਿਰਮਲ ਜਲ, ਖੁੱਲ੍ਹੀ ਸ੍ਵਛ ਹਵਾ ਅਤੇ ਸ਼ੁੱਧ ਆਹਾਰ, ਇਹ ਸਭ ਕੁਝ ਹੋਵੇ ਤਾਂ ਹੀ ਸਰੀਰ ਰਿਸ਼ਟ-ਪੁਸ਼ਟ ਬਣਿਆ ਰਹਿ ਸਕਦਾ ਹੈ । ਘੱਟ ਖਾਣਾ, ਸੰਤੁਲਿਤ ਖ਼ੁਰਾਕ ਪਾਣੀ, ਖ਼ੂਬ ਚਿੱਥ-ਚਿੱਥ ਕੇ ਖਾਣੀ, ਮੁਸ਼ੱਕਤ ਜਾਂ ਕਸਰਤ ਕਰਨੀ, ਖ਼ੁਸ਼ ਰਹਿਣਾ, ਤਾਜ਼ਾ ਆਕਸੀਜਨ ਭਰਪੂਰ ਹਵਾ ਫੱਕਣੀ ਅਤੇ ਨਿਰਮਲ ਜਲ ਪੀਣਾ-ਇਹੋ ਹੀ ਤੰਦਰੁਸਤੀ ਅਤੇ ਦੀਰਘ ਉਮਰ ਦਾ ਨੁਸਖ਼ਾ ਹੈ । 3+1=4

5. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖੋ :

| (i) | (ii) |
|---|---|
| ਬਸੰਤ | ਪੂਛਲ |
| ਮਚਕੋੜ | ਜ਼ਿਲ੍ਹੇਦਾਰ |
| ਭਗਵਾਨ | ਝਗੜਾਲੂ |
| ਬਖ਼ਸ਼ਿੰਦ | ਗਲਵੱਕੜੀ |
| ਭਿੱਟਣਾ | ਪੂਜਨੀਕ |
| ਚਿਰਾਗ਼ | ਜੱਦੋ-ਜਹਿਦ |

3

6. ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ 'ਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ :

(ੳ) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ । (ਸੰਜੁਗਤ ਵਾਕ) 1

(ਅ) ਆਹਾ ; ਮੇਰੀ ਨੌਕਰੀ ਲੱਗ ਗਈ ਹੈ । (ਸਧਾਰਣ ਵਾਕ) 1

(ੲ) ਜਦ ਬਿਪਤਾ ਪਏ ਤਦ ਧੀਰਜ ਰੱਖੋ । (ਸਧਾਰਣ ਵਾਕ) 1

(ਸ) ਬਜ਼ੁਰਗਾਂ ਦੀ ਸੇਵਾ ਕਰੋ ਅਤੇ ਉਹਨਾਂ ਦੀਆਂ ਅਸੀਸਾਂ ਲਓ । (ਮਿਸ਼ਰਿਤ ਵਾਕ) 1

(ਹ) ਫੁੱਲ ਬਹੁਤ ਸੁੰਦਰ ਹੈ । (ਵਿਸਮੈ-ਵਾਚਕ ਵਾਕ) 1

3×1=3



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



7. ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿਚ ਵਰਤੋ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ :

(ੳ) ਜਾਂ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ 2

(ਅ) ਬੇਗਾਨਾ ਮਹਿਲ ਵੇਖ ਕੇ ਆਪਣੀ ਕੁੱਲੀ ਨਹੀਂ ਢਾਹੀਦੀ 2

(ੲ) ਅੰਨ੍ਹਾ ਵੰਡੇ ਰਿਓੜੀਆਂ ਮੁੜ-ਮੁੜ ਆਪਣਿਆਂ ਨੂੰ 2

(ਸ) ਅੱਗੇ ਸੱਪ ਤੇ ਪਿੱਛੇ ਸ਼ੀਂਹ 2

(ਹ) ਹੱਥ ਨੂੰ ਹੱਥ ਧੋਂਦਾ ਹੈ 2

(ਕ) ਕੁੱਤਾ ਭੌਂਕੇ ਬੱਦਲ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ 2

(ਖ) ਖਿੱਦੋ ਫਰੋਲਿਆਂ ਲੀਗਾਂ ਹੀ ਨਿਕਲਣੀਆਂ ਹਨ 2

4×2=8

8. ਕਿਸੇ ਇੱਕ ਕਵਿਤਾ ਦਾ ਕੇਂਦਰੀ-ਭਾਵ ਲਿਖੋ :

(ੳ) ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾਂ ਪਾਣੀ (ਸੁਰਜੀਤ ਪਾਤਰ)

(ਅ) ਟੁਕੜੀ ਜੱਗ ਤੋਂ ਨਯਾਰੀ (ਭਾਈ ਵੀਰ ਸਿੰਘ)

(ੲ) ਦੋਸਤਾ (ਪਿਆਰਾ ਸਿੰਘ ਸਹਿਰਾਈ) 4

9. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਆਪਣਾ ਦੇਸ (ਸੰਤੋਖ ਸਿੰਘ ਧੀਰ)

(ਅ) ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ) 7



www.a2zpapers.com www.a2zpapers.com
Download free old Question papers gndu, ptu hp board, punjab board